# ਮੌਸਮੀ ਕਾਮਾ (ਸੀਜ਼ਨਲ ਵਰਕਰ)

## COVID-19 ਜਾਂਚ ਅਤੇ ਇਲਾਜ

ਭਾਂਵੇਂ ਕਿ ਜੇ ਤੁਹਾਡੇ ਕੋਲ ਵੀਜ਼ਾ ਨਹੀਂ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਪੱਕਾ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕੁਈਂਜ਼ਲੈਂਡ
- ਸਾਊਥ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਵੈਸਟਰਨ ਆਸਟ੍ਰੇਲੀਆ

## ਮੈਂ ਮੌਸਮੀ ਕਾਮਾ (ਸੀਜ਼ਨਲ ਵਰਕਰ) ਜਾਂ ਪੈਸੇਫਿਕ ਲੇਬਰ ਸਕੀਮ ਦਾ ਹਿੱਸਾ ਹਾਂ

### ਪੈਸੇਫਿਕ ਲੇਬਰ ਸਕੀਮ ਵਿੱਚ ਸਬਕਲਾਸ 403 ਵੀਜ਼ਾਧਾਰਕ

ਤੁਸੀਂ ਇਕ ਦੂਸਰੇ ਪੈਸੇਫਿਕ ਲੇਬਰ ਸਕੀਮ ਵਿੱਚ ਸਬਕਲਾਸ 403 ਵੀਜ਼ੇ ਵਾਸਤੇ ਅਰਜ਼ੀ ਦੇ ਸਕਦੇ ਹੋ ਜਿੱਥੇ ਤੁਸੀਂ ਅਤੇ ਤੁਹਾਡਾ ਰੁਜ਼ਗਾਰਦਾਤਾ ਵਿਦੇਸ਼ੀ ਮਾਮਲਿਆਂ ਅਤੇ ਵਪਾਰ ਦੇ ਵਿਭਾਗ ਦੁਆਰਾ ਸਮਰਥਿਤ ਹੋ। ਇਹ ਵੀਜ਼ਾ ਤੁਹਾਨੂੰ ਆਸਟ੍ਰੇਲੀਆ ਵਿੱਚ ਕਾਨੂੰਨੀ ਤੌਰ ਤੇ ਰਹਿਣ ਅਤੇ ਲਗਾਤਾਰ ਕੰਮ ਕਰਦੇ ਰਹਿਣ ਦੀ ਆਗਿਆ ਦੇਵੇਗਾ, ਜਦ ਤੱਕ ਤੁਸੀਂ ਆਪਣੇ ਦੇਸ਼ ਨੂੰ ਵਾਪਸ ਨਹੀਂ ਜਾ ਸਕਦੇ ਹੋ।

### ਸੀਜ਼ਨਲ ਵਰਕਰ ਪ੍ਰੋਗਰਾਮ ਵਿੱਚ ਸਬਕਲਾਸ 403 ਵੀਜ਼ਾਧਾਰਕ

ਤੁਹਾਡਾ ਵੀਜ਼ਾ ਵਧਾਇਆ ਨਹੀਂ ਜਾ ਸਕਦਾ ਹੈ। ਪਰ, COVID-19 ਦੇ ਜਵਾਬ ਵਿੱਚ ਆਸਟ੍ਰੇਲੀਆ ਦੀ ਸਰਕਾਰ ਨੇ ਉਹਨਾਂ ਲਈ ਨਵੇਂ ਤਰੀਕੇ ਲਾਗੂ ਕੀਤੇ ਹਨ ਜੋ ਨਾਜ਼ੁਕ ਖੇਤਰਾਂ ਵਿੱਚ ਕੰਮ ਕਰ ਰਹੇ ਹਨ।

ਤੁਸੀਂ ਸ਼ਾਇਦ ਆਰਜ਼ੀ ਐਕਟਿਵਟੀ (ਸਬਕਲਾਸ 408) ਆਸਟ੍ਰੇਲੀਆ ਦੀ ਸਰਕਾਰ ਦੁਆਰਾ ਸਮਰਥਿਤ ਘਟਨਾ (AGEE) ਸਟਰੀਮ ਵੀਜ਼ਾ (COVID-19 ਦੀ ਮਹਾਂਮਾਰੀ ਘਟਨਾ ਵੀਜ਼ੇ) ਦੇ ਯੋਗ ਹੋ ਸਕਦੇ ਹੋ, ਜੇਕਰ:

- ਤੁਹਾਡਾ ਵੀਜ਼ਾ 28 ਦਿਨਾਂ ਜਾਂ ਘੱਟ ਸਮੇਂ ਵਿੱਚ ਖਤਮ ਹੋ ਜਾਵੇਗਾ
- ਤੁਹਾਡਾ ਵੀਜ਼ਾ ਖਤਮ ਹੋ ਚੁੱਕਿਆ ਹੈ, ਪਰ ਇਸ ਨੂੰ 28 ਦਿਨਾਂ ਤੋਂ ਜ਼ਿਆਦਾ ਸਮਾਂ ਨਹੀਂ ਹੋਇਆ ਹੈ
- ਤੁਸੀਂ ਆਸਟ੍ਰੇਲੀਆ ਨਹੀਂ ਛੱਡ ਸਕਦੇ
- ਤੁਸੀਂ COVID-19 ਦੇ ਸਿਹਤ ਸੰਭਾਲ, ਬਜ਼ੁਰਗਾਂ ਤੇ ਅਪੰਗ ਲੋਕਾਂ ਦੀ ਸੰਭਾਲ, ਬੱਚਿਆਂ ਦੀ ਸੰਭਾਲ, ਜਾਂ ਖੇਤੀਬਾੜੀ ਅਤੇ ਭੋਜਨ ਡੱਬਾਬੰਦ ਕਰਨ ਵਾਲੇ ਨਾਜ਼ੁਕ ਖੇਤਰਾਂ ਵਿੱਚ ਕੰਮ ਕਰ ਰਹੇ ਹੋ।

ਇਹ ਵੀਜ਼ਾ ਤੁਹਾਨੂੰ ਆਸਟ੍ਰੇਲੀਆ ਵਿੱਚ ਕਾਨੂੰਨੀ ਤੌਰ ਤੇ ਰਹਿਣ ਅਤੇ ਲਗਾਤਾਰ ਕੰਮ ਕਰਦੇ ਰਹਿਣ ਦੀ ਆਗਿਆ ਦੇਵੇਗਾ, ਜਦ ਤੱਕ ਤੁਸੀਂ ਆਪਣੇ ਦੇਸ਼ ਨੂੰ ਵਾਪਸ ਨਹੀਂ ਜਾ ਸਕਦੇ ਹੋ। ਜਿਹੜੇ ਰੁਜ਼ਗਾਰਦਾਤਿਆਂ ਨਾਲ ਸਬੰਧਿਤ ਹਨ ਉਹਨਾਂ ਦੇ ਸਮੇਤ ਸੀਜ਼ਨਲ ਵਰਕਰ ਜਾਂ ਪੈਸੇਫਿਕ ਲੇਬਰ ਸਕੀਮ ਦੇ ਇਹੋ ਪ੍ਰਬੰਧ, ਨਵੇਂ ਵੀਜ਼ੇ ਉੱਤੇ ਵੀ ਲਾਗੂ ਹੋਣਗੇ।

## ਕਿਸੇ ਦੂਸਰੇ ਰੁਜ਼ਗਾਰਦਾਤੇ ਦੇ ਨਾਲ ਕੰਮ ਕਰਨਾ

ਸੀਜ਼ਨਲ ਵਰਕਰ ਪ੍ਰੋਗਰਾਮ ਜਾਂ ਪੈਸੇਫਿਕ ਲੇਬਰ ਸਕੀਮ ਵਿੱਚ ਕਾਮਿਆਂ ਨੂੰ ਆਮ ਤੌਰ ਤੇ ਇਕ ਸਪੌਂਸਰ/ਮਨਜ਼ੂਰਸ਼ੁਦਾ ਰੁਜ਼ਗਾਰਦਾਤੇ ਨਾਲ ਕੰਮ ਕਰਨ ਦੀ ਆਗਿਆ ਹੈ, ਜਦ ਤੱਕ ਕਿ ਘਰੇਲੂ ਮਾਮਲਿਆਂ ਦਾ ਵਿਭਾਗ ਤੁਹਾਨੂੰ ਬਦਲਣ ਦੀ ਆਗਿਆ ਨਹੀਂ ਦਿੰਦਾ ਹੈ।

COVID-19 ਦੀ ਮਿਆਦ ਦੌਰਾਨ, ਤੁਸੀਂ ਸਪੌਂਸਰਾਂ/ਮਨਜ਼ੂਰਸ਼ੁਦਾ ਰੁਜ਼ਗਾਰਦਾਤਿਆਂ ਵਿੱਚਕਾਰ ਬਦਲ ਸਕਦੇ ਹੋ। ਜੇਕਰ ਤੁਹਾਨੂੰ ਸਪੌਂਸਰਾਂ/ਮਨਜ਼ੂਰਸ਼ੁਦਾ ਰੁਜ਼ਗਾਰਦਾਤਿਆਂ ਵਿੱਚਕਾਰ ਬਦਲਣ ਦੀ ਲੋੜ ਹੈ, ਤੁਹਾਡਾ ਰੁਜ਼ਗਾਰਦਾਤਾ ਜ਼ਰੂਰ ਸੰਪਰਕ ਕਰੇ:

- ਸਿੱਖਿਆ, ਹੁਨਰਾਂ ਅਤੇ ਰੁਜ਼ਗਾਰ ਦਾ ਵਿਭਾਗ ਨਾਲ, ਜੇਕਰ ਤੁਸੀਂ ਸੀਜ਼ਨਲ ਵਰਕਰ ਹੋ
- ਵਿਦੇਸ਼ੀ ਮਾਮਲਿਆਂ ਅਤੇ ਵਪਾਰ ਦਾ ਵਿਭਾਗ ਨਾਲ, ਜੇ ਤੁਸੀਂ ਪੈਸੇਫਿਕ ਲੇਬਰ ਸਕੀਮ ਵਿੱਚ ਕੰਮ ਕਰ ਰਹੇ ਹੋ।

ਇਹਨਾਂ ਆਰਜ਼ੀ ਪ੍ਰਬੰਧਾਂ ਦੇ ਅਧੀਨ, ਰੁਜ਼ਗਾਰਦਾਤਿਆਂ ਨੂੰ ਹਾਲੇ ਵੀ ਆਸਟ੍ਰੇਲੀਆ ਦੇ ਕੰਮ ਦੀ ਜਗ੍ਹਾ ਨਾਲ ਸੰਬੰਧਿਤ ਸਾਰੇ ਕਾਨੂੰਨਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਤੁਹਾਨੂੰ ਆਸਟ੍ਰੇਲੀਆ ਦੇ ਕੰਮ ਦੀ ਜਗ੍ਹਾ ਨਾਲ ਸੰਬੰਧਿਤ ਕਾਨੂੰਨ ਦੇ ਅਧੀਨ ਉਹੀ ਹੱਕ ਹੋਣਗੇ ਜੋ ਬਾਕੀ ਕਰਮਚਾਰੀਆਂ ਦੇ ਹਨ।

## ਵੀਜ਼ਾ ਸ਼ਰਤ 8503 (ਹੋਰ ਅੱਗੇ ਨਹੀਂ ਠਹਿਰ ਸਕਦੇ)

COVID-19 ਦੀ ਮਿਆਦ ਦੌਰਾਨ ਸੀਜ਼ਨਲ ਵਰਕਰ ਪ੍ਰੋਗਰਾਮ ਵਿੱਚ ਸਬਕਲਾਸ 403 ਵੀਜ਼ੇ ਵਾਲਿਆਂ ਲਈ, ਤੁਹਾਡੇ ਵੀਜ਼ੇ ਦੇ ਨਾਲ ਲੱਗੀ ਸ਼ਰਤ 8577 (ਹੋਰ ਨਹੀਂ ਠਹਿਰ ਸਕਦੇ) ਆਪਣੇ ਆਪ ਹੱਟ ਜਾਵੇਗੀ ਜੋ ਤੁਹਾਨੂੰ COVID-19 ਦੇ ਮਹਾਂਮਾਰੀ ਘਟਨਾ ਵੀਜ਼ੇ ਲਈ ਅਰਜ਼ੀ ਪਾਉਣ ਦੀ ਆਗਿਆ ਦੇਵੇਗੀ।

ਤੁਹਾਨੂੰ ਸ਼ਰਤ 8503 ਨੂੰ ਹਟਾਉਣ ਲਈ ਅਰਜ਼ੀ ਦੇਣ ਦੀ ਲੋੜ ਪਵੇਗੀ।

## ਮੌਜੂਦਾ ਵੀਜ਼ੇ ਦੀ ਰਹਿਣ ਦੀਆਂ ਮਿਆਦਾਂ

ਮੌਜੂਦਾ ਵੀਜ਼ੇ ਦੀ ਰਹਿਣ ਦੀ ਮਿਆਦ ਨੂੰ ਹੋਰ ਅੱਗੇ ਨਹੀਂ ਵਧਾਇਆ ਜਾ ਸਕਦਾ ਹੈ। ਜੇਕਰ ਤੁਸੀਂ ਆਪਣੇ ਵੀਜ਼ੇ ਦੇ ਠਹਿਰਣ ਦੀ ਮਿਆਦ ਵੇਲੇ ਅਜੇ ਆਸਟ੍ਰੇਲੀਆ ਵਿੱਚ ਹੀ ਹੋ, ਤੁਹਾਡਾ ਵੀਜ਼ਾ ਮੁੱਕ ਜਾਵੇਗਾ। ਜੇ ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਜਾ ਸਕਦੇ ਹੋ, ਕਾਨੂੰਨੀ ਤੌਰ ਤੇ ਰਹਿਣ ਲਈ ਤੁਹਾਨੂੰ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਪਾਉਣੀ ਚਾਹੀਦੀ ਹੈ ਜਦ ਤੱਕ ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਚਲੇ ਜਾਂਦੇ ਹੋ।

ਤੁਹਾਨੂੰ ਅਪਣੇ ਹਾਲਾਤਾਂ ਨੂੰ ਆਪਣੇ ਰੁਜ਼ਗਾਰਦਾਤੇ ਦੇ ਨਾਲ ਵਿਚਾਰਨਾ ਚਾਹੀਦਾ ਹੈ। ਸੀਜ਼ਨਲ ਵਰਕਰਾਂ ਨੂੰ ਲਗਾਤਾਰ ਕੰਮ ਦੇ ਮੌਕੇ ਪ੍ਰਦਾਨ ਕਰਨ ਅਤੇ ਯਕੀਨੀ ਬਨਾਉਣ ਲਈ ਕਿ ਉਹ ਸੁਰੱਖਿਅਤ ਹਨ ਅਤੇ ਸਹਿਯੋਗ ਮਿਲ ਰਿਹਾ ਹੈ, ਸਿੱਖਿਆ, ਹੁਨਰਾਂ ਅਤੇ ਰੁਜ਼ਗਾਰ ਦਾ ਵਿਭਾਗ ਮਨਜ਼ੂਰਸ਼ੁਦਾ ਰੁਜ਼ਗਾਰਦਾਤਿਆਂ ਦੇ ਨਾਲ ਰਲ ਕੇ ਕੰਮ ਕਰ ਰਿਹਾ ਹੈ।

ਜੇ ਤੁਸੀਂ ਵਿਜ਼ਟਰ ਵੀਜ਼ੇ ਦੇ ਸਮੇਤ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ, ਤੁਸੀਂ ਸ਼ਾਇਦ COVID-19 ਦੇ ਮਹਾਂਮਾਰੀ ਘਟਨਾ ਵੀਜ਼ੇ ਲਈ ਯੋਗ ਹੋ ਸਕਦੇ ਹੋ।

ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਕਿਉਂ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ। ਇਸ ਵਿੱਚ ਬਿਆਨ ਅਤੇ ਸਬੂਤ ਸ਼ਾਮਲ ਹੋ ਸਕਦੇ ਹਨ ਕਿ ਤੁਹਾਡੇ ਕੋਲ ਅਗਲੇਰੇ ਵੀਜ਼ੇ ਲਈ ਅਰਜ਼ੀ ਦੀ ਫੀਸ (VAC) ਦਾ ਭੁਗਤਾਨ ਕਰਨ ਲਈ ਕਾਫੀ ਰਕਮ ਤੱਕ ਪਹੁੰਚ ਨਹੀਂ ਹੈ।

## ਦੂਸਰਿਆਂ ਤੋਂ ਪਰ੍ਹੇ ਰਹਿਣ ਦੀਆਂ ਜ਼ਰੂਰਤਾਂ

ਸਾਰੇ ਵੀਜ਼ਾਧਾਰਕਾਂ ਨੂੰ COVID-19 ਦੀਆਂ ਸਾਰੀਆਂ ਪਾਬੰਦੀਆਂ ਦੀ ਲਾਜ਼ਮੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਸਰੀਰਕ ਦੂਰੀ ਅਤੇ ਸਵੈ-ਇਕੱਲਤਾ ਸ਼ਾਮਲ ਹਨ।

ਖੇਤੀਬਾੜੀ ਵਿੱਚ ਕੰਮ ਕਰ ਰਹੇ ਆਰਜ਼ੀ ਵੀਜ਼ਾ ਧਾਰਕਾਂ ਲਈ COVID-19 ਦੇ ਫੈਲਾਅ ਦਾ ਪ੍ਰਬੰਧ ਕਰਨ ਲਈ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ ਦੂਸਰਿਆਂ ਤੋਂ ਪਰ੍ਹੇ ਰੱਖਣ ਅਤੇ ਸਵੈ-ਇਕੱਲਤਾ ਦੀਆਂ ਜ਼ਰੂਰਤਾਂ ਲਈ ਜ਼ਿੰਮੇਵਾਰ ਹਨ।

ਘਰੇਲੂ ਮਾਮਲਿਆਂ ਦਾ ਵਿਭਾਗ, ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ ਤੋਂ ਹਵਾਲੇ ਸਵੀਕਾਰ ਕਰਦਾ ਹੈ ਤਾਂ ਜੋ ਉਹ ਵੀਜ਼ਾ ਧਾਰਕ ਜੋ ਜਨਤਕ ਸਿਹਤ ਅਤੇ ਦੂਸਰਿਆਂ ਤੋਂ ਪਰ੍ਹੇ ਰਹਿਣ ਦੇ ਕਾਨੂੰਨਾਂ ਦੀ ਪਾਲਣਾ ਨਹੀਂ ਕਰਦੇ ਹਨ, ਉਹਨਾਂ ਦੇ ਵੀਜ਼ੇ ਨੂੰ ਰੱਦ ਕਰਨ ਬਾਰੇ ਵਿਚਾਰ ਸਕੇ ਜਿੱਥੇ ਉਹ ਨਾ-ਮਨਜ਼ੂਰ ਸਿਹਤ ਖਤਰਾ ਪੈਦਾ ਕਰਦੇ ਹਨ।

ਹਰੇਕ ਰਾਜ ਅਤੇ ਕੇਂਦਰੀ ਪ੍ਰਦੇਸ਼ ਦੇ ਕਾਨੂੰਨਾਂ ਬਾਰੇ ਜਾਣਕਾਰੀ ਹੇਠਲੇ ਲਿੰਕਾਂ ਤੋਂ ਲੱਭੀ ਜਾ ਸਕਦੀ ਹੈ:

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ (ACT) - https://www.health.act.gov.au/
- ਨਿਊ ਸਾਊਥ ਵੇਲਜ਼ (NSW) - https://www.health.nsw.gov.au/Pages/default.aspx
- ਵਿਕਟੋਰੀਆ (VIC) - https://www.dhhs.vic.gov.au/
- ਕੁਈਂਜ਼ਲੈਂਡ (QLD) - https://www.health.qld.gov.au/
- ਵੈਸਟਰਨ ਆਸਟ੍ਰੇਲੀਆ (WA) - https://www.health.wa.gov.au/
- ਸਾਊਥ ਆਸਟ੍ਰੇਲੀਆ (SA) - https://www.sahealth.sa.gov.au/
- ਨੌਰਦਰਨ ਟੈਰੀਟਰੀ (NT) - https://health.nt.gov.au/
- ਤਸਮਾਨੀਆ (TAS) - https://dhhs.tas.gov.au/

## ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਵੀਜ਼ਾਧਾਰਕ

ਜੇ ਤੁਸੀਂ ਆਪਣੇ ਆਪ ਦੀ ਸੰਭਾਲ ਨਹੀਂ ਕਰ ਸਕਦੇ, ਤਾਂ ਜਿੱਥੇ ਸੰਭਵ ਹੋਵੇ ਤੁਹਾਨੂੰ ਆਪਣੇ ਘਰ ਨੂੰ ਵਾਪਸ ਜਾਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

ਜੇ ਤੁਸੀਂ ਇਸ ਵੇਲੇ ਦੇ ਆਪਣੇ ਰਹਿਣ ਦੇ ਖਰਚਿਆਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ, 2019-20 ਵਿੱਤੀ ਸਾਲ ਵਿੱਚ ਤੁਸੀਂ ਆਪਣੀ ਆਸਟ੍ਰੇਲੀਆ ਦੀ ਸੁਪਰਐਨੂਏਸ਼ਨ ਵਿੱਚੋਂ ਕਰ-ਮੁਕਤ 10,000 ਡਾਲਰ ਤੱਕ ਕਢਵਾਉਣ ਦੇ ਯੋਗ ਹੋ ਸਕਦੇ ਹੋ।